# BUDHA DAL PUBLIC SCHOOL, PATIALA

## FIRST TERM EXAMINATION (9 September 2024)

**Sub: Punjabi**

**Class-IV (Set - B)**

**Time:3hrs.** **Marks:60**

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।** (4)

ਕੋਸ਼ਿਸ਼, ਅਸਮਾਨ, ਬੁੱਧੀ, ਰਾਖਸ਼

**ਪ੍ਰ2. ਸਹੀ ਸ਼ਬਦ ਚੁਣ ਕੇ ਲਿਖੋ:** (4)

1. ਕਮਲ ਸਾਡਾ ਰਾਸ਼ਟਰੀ ............... ਹੈ। (ਫੁੱਲ/ ਫ਼ਲ)
2. ਝੂਠ ਦੇ ............... ਨਹੀਂ ਹੁੰਦੇ। (ਹੱਥ/ ਪੈਰ)
3. ਏਕਤਾ ਵਿੱਚ ................... ਹੈ। (ਹਲ/ ਬਲ)
4. ਇੱਕ ਹਫ਼ਤੇ ਵਿੱਚ ............... ਦਿਨ ਹੁੰਦੇ ਹਨ। (ਪੰਜ/ ਸੱਤ)

**ਪ੍ਰ3. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (4)

1. ਝੂਠੀ ਪ੍ਰਸੰਸਾ ਕਰਨ ਵਾਲਾ –
2. ਦੇਸ਼ ਲਈ ਜਾਨ ਕੁਰਬਾਨ ਕਰ ਦੇਣ ਵਾਲਾ –
3. ਜਿਸ ਨੂੰ ਸਾਰੇ ਪਿਆਰ ਕਰਦੇ ਹੋਣ –
4. ਜੋ ਪੜ੍ਹਿਆ ਲਿਖਿਆ ਨਾ ਹੋਵੇ –

**ਪ੍ਰ4. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ।** (4)

1. ਸਾਨੂੰ ਕੀ ਬਿਮਾਰ ਕਰਦਾ ਹੈ?
   ੳ) ਕੂੜਾ ਕਰਕਟ ਅ) ਤਾਜ਼ਾ ਖਾਣਾ
2. ਡਾਕਟਰ ਦੀ ਲੋੜ ਕਦੋਂ ਪੈਂਦੀ ਹੈ?
   ੳ) ਗਰਮੀ ਵਿੱਚ ਅ) ਬਿਮਾਰੀ ਵਿੱਚ
3. ਤਰੀਕ ਦਾ ਅਰਥ ਕੀ ਹੈ?
   ੳ) ਮਿਤੀ ਅ) ਮਹੀਨਾ
4. ਮੱਛਰਾਂ ਨਾਲ ਕੀ ਹੁੰਦਾ ਹੈ?
   ੳ) ਮੁਕਾਬਲਾ ਅ) ਤੇਜ਼ ਬੁਖ਼ਾਰ

**ਪ੍ਰ5. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (7)

1. ਸ਼ੇਰ ਨੇ ਕੀ ਸੁਝਾਅ ਦਿੱਤਾ? ਪਾਣੀ ਵਿੱਚ ਕੌਣ ਡਿੱਗ ਪਿਆ?
2. ਸਾਰੇ ਜਾਨਵਰਾਂ ਨੇ ਅੱਗ ਉੱਪਰ ਕਿਵੇਂ ਕਾਬੂ ਪਾ ਲਿਆ?
3. ਪਰੀਆਂ ਕਿਸ ਨੂੰ ਵੇਖ ਕੇ ਡਰ ਗਈਆਂ?
4. ਪਰੀ ਨੇ ਬਾਗ਼ ਵਿੱਚ ਕੀ ਦੇਖਿਆ?

Scanned with OKEN Scanner

ਪ੍ਰ6. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ। (3)

ਜਾਨਵਰ, ਕੀਮਤੀ, ਜੰਗਲ

ਪ੍ਰ7. ਹੇਠਾਂ ਲਿਖੇ ਸ਼ਬਦਾਂ ਨੂੰ ਚੁਣ ਕੇ ਖਾਲੀ ਥਾਵਾਂ ਭਰੋ। (4)

(ਮਾਂ, ਮਗਰਮੱਛਾਂ, ਕੌੜੀ, ਗਰਮ)

1. ............... ਨੇ ਆਪਣੀਆਂ ਪਿੱਠਾਂ ਜੋੜ ਕੇ ਪੁਲ ਬਣਾ ਲਿਆ।
2. ਭੋਜਨ ਨੂੰ ਬਾਰ-ਬਾਰ .............. ਨਹੀਂ ਕਰਨਾ ਚਾਹੀਦਾ।
3. ਦਵਾਈ .............. ਹੁੰਦੀ ਹੈ।
4. ਪਰੀ ਨੂੰ ਕਿਤਾਬ ਉਸਦੀ ................... ਨੇ ਦਿੱਤੀ ਸੀ।

ਪ੍ਰ8. ਹੇਠ ਲਿਖੇ ਵਾਕਾਂ ਅੱਗੇ ਸਹੀ ਜਾਂ ਗ਼ਲਤ ਲਿਖੋ। (4)

1. ਅੱਗ ਲੱਗਣ ਨਾਲ ਚਾਰੇ ਪਾਸੇ ਧੂੰਆਂ ਹੋ ਗਿਆ।
2. ਤਾਜ਼ਾ ਭੋਜਨ ਬਿਮਾਰ ਕਰਦਾ ਹੈ।
3. ਵਕਤ ਸਭ ਤੋਂ ਕੀਮਤੀ ਵਸਤੂ ਹੈ।
4. ਖਾਣਾ ਖਾਣ ਤੋਂ ਪਹਿਲਾਂ ਹੱਥ ਗੰਦੇ ਕਰਨੇ ਚਾਹੀਦੇ ਹਨ।

ਪ੍ਰ9. ਹੇਠ ਲਿਖੇ ਮੁਹਾਵਰਿਆਂ ਦਾ ਸਹੀ ਅਰਥਾਂ ਨਾਲ ਮਿਲਾਨ ਕਰੋ: (4)

| | | | |
|---|---|---|---|
| 1. | ਉਂਗਲ ਕਰਨੀ | ਬਹੁਤ ਖੁਸ਼ ਹੋਣਾ | ☐ |
| 2. | ਈਦ ਦਾ ਚੰਨ ਹੋਣਾ | ਰੌਲਾ ਪਾਉਣਾ | ☐ |
| 3. | ਸਿਰ ਖਾਣਾ | ਦੋਸ਼ ਲਾਉਣਾ | ☐ |
| 4. | ਗਦ-ਗਦ ਹੋਣਾ | ਬਹੁਤ ਦੇਰ ਬਾਅਦ ਮਿਲਣਾ | ☐ |

ਪ੍ਰ10. ਹੇਠ ਲਿਖੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ: (4)

ਸੋਹਣਾ, ਅੰਤਰ, ਆਗਿਆ, ਛੋਟਾ

ਪ੍ਰ11. ਵਿਆਕਰਨ ਸੰਬੰਧੀ ਪ੍ਰਸ਼ਨ/ਉੱਤਰ: (4)

1. ਬੱਚਾ ਆਪਣੀ ਮਾਂ ਬੋਲੀ ਕਿਸ ਤੋਂ ਸਿੱਖਦਾ ਹੈ?
2. ਪੰਜਾਬੀ ਵਰਨਮਾਲਾ ਵਿੱਚ ਕੁੱਲ ਕਿੰਨ੍ਹੇ ਅੱਖਰ ਹਨ?
3. ਪੰਜਾਬੀ ਵਰਨਮਾਲਾ ਵਿੱਚ ਕਿੰਨ੍ਹੇ ਦੁੱਤ ਅੱਖਰ ਹਨ?
4. ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?

ਪ੍ਰ12. ਬਿਨੈ-ਪੱਤਰ: (5)

ੳ) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਬਿਮਾਰੀ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

ਜਾਂ

ਅ) ਆਪਣੇ ਸਕੂਲ ਦੇ ਮੁੱਖ ਅਧਿਆਪਕਾ ਜੀ ਨੂੰ ਜ਼ਰੂਰੀ ਕੰਮ ਕਾਰਨ ਛੁੱਟੀ ਲੈਣ ਲਈ ਬਿਨੈ-ਪੱਤਰ ਲਿਖੋ।

ਪ੍ਰ13. ਲੇਖ ਲਿਖੋ: (5)

ਮੇਰਾ ਸਕੂਲ ਜਾਂ ਮੇਰਾ ਮਿੱਤਰ / ਮੇਰੀ ਸਹੇਲੀ

Scanned with OKEN Scanner

ਪ੍ਰ14. ਕਹਾਣੀ ਰਚਨਾ : (4)

ਕਿਸੇ ਕਿਸਾਨ ਕੋਲ ਇੱਕ ਮੁਰਗੀ ਸੀ ਜੋ ਹਰ ਰੋਜ਼ ਸੋਨੇ ਦਾ ਆਂਡਾ ਦਿੰਦੀ ਸੀ। ਕਿਸਾਨ ਹੌਲ਼ੀ-ਹੌਲ਼ੀ ਅਮੀਰ ਹੁੰਦਾ ਗਿਆ। ਇੱਕ ਦਿਨ ਉਸ ਦੇ ਦਿਲ ਵਿੱਚ ਲਾਲਚ ਆ ਗਿਆ। ਉਸ ਨੇ ਸੋਚਿਆ ਕਿਉਂ ਨਾ ਮੁਰਗੀ ਦੇ ਢਿੱਡ ਵਿੱਚ ਪਏ ਹੋਏ ਸਾਰੇ ਸੋਨੇ ਦੇ ਆਂਡੇ ਇੱਕੋ ਵਾਰੀ ਲੈ ਲਏ ਜਾਣ। ਇਸ ਤਰ੍ਹਾਂ ਉਹ ਮਿੰਟਾਂ ਵਿੱਚ ਹੀ ਅਮੀਰ ਬਣ ਜਾਵੇਗਾ। ਉਸ ਨੇ ਲਾਲਚ ਵਿੱਚ ਆ ਕੇ ਇੱਕ ਛੁਰਾ ਲਿਆ ਅਤੇ ਮੁਰਗੀ ਦਾ ਢਿੱਡ ਪਾੜ ਸੁੱਟਿਆ। ਮੁਰਗੀ ਉਸੇ ਵੇਲੇ ਹੀ ਮਰ ਗਈ ਪਰ ਉਸ ਦੇ ਢਿੱਡ ਵਿੱਚੋਂ ਕੁਝ ਵੀ ਨਾ ਨਿਕਲਿਆ। ਇਹ ਵੇਖ ਕੇ ਕਿਸਾਨ ਬਹੁਤ ਪਛਤਾਇਆ ਪਰ ਹੁਣ ਕੁਝ ਨਹੀਂ ਸੀ ਹੋ ਸਕਦਾ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।**

1. ਕਿਸਾਨ ਕੋਲ ਕੀ ਸੀ?
2. ਕਿਸਾਨ ਦੇ ਦਿਲ ਵਿੱਚ ਕੀ ਆ ਗਿਆ?

**ਖਾਲੀ ਥਾਵਾਂ ਭਰੋ:**

1. ਮੁਰਗੀ ਹਰ ਰੋਜ਼ ਸੋਨੇ ਦਾ .............. ਦਿਆ ਕਰਦੀ ਸੀ।
2. ਕਿਸਾਨ ਨੇ ਇੱਕ ................ ਲਿਆ।

**ਸਹੀ/ਗਲਤ:**

1. ਕਿਸਾਨ ਨੇ ਮੁਰਗੀ ਦਾ ਢਿੱਡ ਪਾੜ ਦਿੱਤਾ।
2. ਮੁਰਗੀ ਚਾਂਦੀ ਦਾ ਆਂਡਾ ਦਿੰਦੀ ਸੀ।

Scanned with OKEN Scanner